THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ./ਆਈ.ਟੀ./16/2214 ਅਤਿ ਜ਼ਰੂਰੀ ਮਿਤੀ: 25-7-16

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,

ਸਮੂਹ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ /ਇਸਤਰੀਆਂ ਲਈ ਸੰਸਥਾਵਾਂ,

ਆਰਟ ਐਂਡ ਕਰਾਫਟ/ਟੀਚਰ ਟ੍ਰੇਨਿੰਗ ਸੰਸਥਾਵਾਂ,

ਪੰਜਾਬ।

**ਵਿਸ਼ਾ: ਪ੍ਰੀਖਿਆ ਜੁਲਾਈ-ਅਗਸਤ 2016 ਲਈ ਉਤਰਕਾਪੀਆਂ/ਪ੍ਰੈਕਟੀਕਲ ਜਾਬਾਂ ਦੀ ਪੈਕਿੰਗ/ਸਾਂਭ ਸੰਭਾਲ ਸਬੰਧੀ ਹਦਾਇਤਾਂ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਪਿਛਲੀ ਪ੍ਰੀਖਿਆ ਦੌਰਾਨ ਇਸ ਦਫਤਰ ਵਲੋਂ ਸਮੇਂ ਸਮੇਂ ਤੇ ਪ੍ਰੀਖਿਆਵਾਂ ਕੰਡਕਟ ਕਰਵਾਉਣ ਲਈ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸਦੇ ਬਾਵਜੂਦ ਵੀ ਬੋਰਡ ਦਫਤਰ ਦੇ ਧਿਆਨ ਵਿੱਚ ਇਹ ਆਇਆ ਹੈ ਕਿ ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੀਖਿਆ ਕੰਡਕਟ ਕਰਵਾਉਣ ਅਤੇ ਉਤਰਕਾਪੀਆਂ ਦੀ ਪੈਕਿੰਗ ਕਰਨ ਸਮੇਂ ਕਾਫੀ ਅਣਗਹਿਲੀ ਵਰਤੀ ਜਾਂਦੀ ਰਹੀ ਹੈ। ਕਈ ਪ੍ਰੀਖਿਆ ਕੇਂਦਰਾਂ ਵਲੋਂ ਪੈਕਿੰਗ ਕਰਨ ਸਮੇਂ ਐਸ.ਸੀ.ਵੀ.ਟੀ. ਅਤੇ ਐਨ.ਸੀ.ਵੀ.ਟੀ. ਦੀਆਂ ਉਤਰਕਾਪੀਆਂ ਇੱਕਠੀਆਂ ਹੀ ਪੈਕ ਕਰਕੇ ਭੇਜੀਆਂ ਜਾਂਦੀਆਂ ਰਹੀਆਂ ਹਨ। ਇਸ ਕਾਰਨ ਵਿਦਿਆਰਥੀਆਂ ਦੇ ਸਹੀ ਰਿਜਲਟ ਸਮੇਂ ਸਿਰ ਘੋਸ਼ਿਤ ਹੋਣ ਵਿੱਚ ਕਾਫੀ ਮੁਸ਼ਕਲਾਂ ਪੇਸ਼ ਆਈਆਂ ਹਨ ਅਤੇ ਸਿਖਿਆਰਥੀਆਂ ਦਾ ਕਾਫੀ ਨੁਕਸਾਨ ਵੀ ਹੋਇਆ ਹੈ ਭਾਵੇਂ ਵਿਦਿਆਰਥੀਆਂ ਦਾ ਇਸ ਵਿੱਚ ਸਿੱਧੇ ਤੌਰ ਤੇ ਕੋਈ ਕਸੂਰ ਵੀ ਨਹੀਂ ਹੈ।

ਉਪਰੋਕਤ ਦੇ ਸਨਮੁੱਖ ਵਿਦਿਆਰਥੀਆਂ ਦੇ ਹਿਤ ਨੂੰ ਮੁੱਖ ਰਖਦੇ ਹੋਏ ਪ੍ਰੀਖਿਆ ਜੁਲਾਈ 2016 ਲਈ ਪ੍ਰੀਖਿਆ ਕੇਂਦਰਾਂ/ਸੰਸਥਾਵਾਂ ਨੂੰ ਹੇਠ ਦਰਸਾਏ ਅਨੁਸਾਰ ਉਤਰਕਾਪੀਆਂ ਪੈਕਿੰਗ ਕਰਨ ਸਬੰਧੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਐਸ.ਸੀ.ਵੀ.ਟੀ. ਅਤੇ ਐਨ.ਸੀ.ਵੀ.ਟੀ. ਸਕੀਮ ਅਧੀਨ ਪ੍ਰੀਖਿਆਵਾਂ ਲਈ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਓ.ਐਮ.ਆਰ. ਸ਼ੀਟਾਂ ਵੱਖਰੀਆਂ ਵੱਖਰੀਆਂ ਹੋਣਗੀਆਂ ਅਤੇ ਕੋਈ ਵੀ ਸਕੀਮ ਨਾਲ ਸਬੰਧਤ ਓ.ਐਮ.ਆਰ. ਸ਼ੀਟ ਦੂਸਰੀ ਸਕੀਮ ਦੀ ਪ੍ਰੀਖਿਆ ਲਈ ਇਸਤੇਮਾਲ ਨਹੀਂ ਕੀਤੀ ਜਾਵੇਗੀ।

2. ਇਸ ਤੋਂ ਇਲਾਵਾ ਪ੍ਰੀਖਿਆਵਾਂ ਕੇਂਦਰ ਉਤਰਕਾਪੀਆਂ/ਓ.ਐਮ.ਆਰ. ਸ਼ੀਟਾਂ ਹੇਠ ਦਰਸਾਏ ਅਨੁਸਾਰ ਪੈਕਿੰਗ ਕਰਨਾ ਯਕੀਨੀ ਬਨਾਉਣਗੀਆਂ:-

ੳ) **Art & craft,** ਟੀਚਰ ਟਰੇਨਿੰਗ, ਐਸ.ਸੀ.ਵੀ.ਟੀ. (ਸਮੈਸਟਰ ਸਿਸਟਮ ਅਤੇ ਕੰਨਵੈਨਸ਼ਲ ਓਲਡ ਪੈਟਰਨ) ਅਤੇ ਐਨ.ਸੀ.ਵੀ.ਟੀ. ਕੰਨਵੈਨਸ਼ਨਲ ਓਲਡ ਪੈਟਰਨ ਦੀਆਂ ਉਤਰਕਾਪੀਆਂ ਦੇ ਪੈਕਟ ਚਿੱਟੇ ਰੰਗ **(White color)** ਦੇ ਥੈਲੇ / ਬੋਰੀ ਵਿੱਚ ਪੈਕ ਕੀਤੇ ਜਾਣ।

ਅ) ਐਸ.ਸੀ.ਵੀ.ਟੀ. ਅਤੇ ਐਨ.ਸੀ.ਵੀ.ਟੀ. ਦੀਆਂ ਡਰਾਇੰਗ ਸ਼ੀਟਾਂ ਲਾਲ ਰੰਗ **(Red color)** ਦੇ ਬੋਰੇ ਵਿੱਚ ਪੈਕ ਕੀਤੇ ਜਾਣੇ ਯਕੀਨੀ ਬਣਾਏ ਜਾਣ।

ੲ) ਐਨ.ਸੀ.ਵੀ.ਟੀ. ਸਮਸੈਟਰ ਸਿਸਟਮ **(MIS Portal** ਅਤੇ **2013 DGT, New Delhi semester system)** ਦੀਆਂ ਓ.ਐਮ.ਆਰ. ਸ਼ੀਟਾਂ ਹਰੇ ਰੰਗ **(Green color)** ਦੇ ਥੈਲੇ/ਬੋਰੀ ਵਿੱਚ ਪੈਕ ਕੀਤੀਆਂ ਜਾਣ।

ਇਹ ਖਾਸ ਧਿਆਨ ਰੱਖਿਆ ਜਾਵੇ ਕਿ ਓ.ਐਮ.ਆਰ. ਸ਼ੀਟਾਂ ਬੋਰਡ ਦਫਤਰ ਵਿਖੇ ਭੇਜਣ ਸਮੇਂ ਸਹੀ ਢੰਗ ਨਾਲ ਹਦਾਇਤਾਂ ਅਨੁਸਾਰ ਪੈਕ ਕੀਤੀਆਂ ਹੋਣ। ਇਹਨਾਂ ਓ.ਐਮ.ਆਰ. ਸ਼ੀਟਾਂ ਨੂੰ ਪੈਕਿੰਗ ਦੇ ਦੋਨੋਂ ਪਾਸੇ ਗੱਤੇ ਲਗਾ ਕੇ ਪੀਲੇ ਲਿਫਾਫੇ ਵਿੱਚ ਪੈਕ ਕੀਤਾ ਜਾਵੇ ਤਾਂ ਜੋ ਸ਼ੀਟਾਂ ਫੋਲਡ/ਖਰਾਬ ਨਾਂ ਹੋਣ। ਇਸ ਤੋਂ ਇਲਾਵਾ ਲਿਫਾਫੇ ਉਤੇ ਡੀ.ਜੀ.ਟੀ. ਨਵੀਂ ਦਿਲੀ/ਬੋਰਡ ਦਫਤਰ ਵਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਅਨੁਸਾਰ ਪ੍ਰੀਖਿਆ ਸਬੰਧੀ ਪੂਰਾ ਵੇਰਵਾ ਦਰਸਾਇਆ ਜਾਵੇ।

ਸ) ਬੋਰੀ ਦੇ ਉਤੇ ਪ੍ਰੀਖਿਆ ਸੈਂਟਰ ਦਾ ਨਾਂ, ਸੰਸਥਾ ਦਾ ਨਵਾਂ ਕੋਡ (3 digit code) ਮੋਟੇ ਕਾਲੇ ਮਾਰਕਰ ਨਾਲ ਲਿਖਣਾ ਯਕੀਨੀ ਬਣਾਇਆ ਜਾਵੇ।

3) ਨੋਡਲ ਸੈਂਟਰਾਂ ਦੇ ਮੁੱਖੀ ਪ੍ਰੀਖਿਆ ਕੇਂਦਰਾਂ ਤੋਂ ਉਤਰਕਾਪੀਆਂ ਦੇ ਥੈਲੇ ਲੈਣ ਤੋਂ ਪਹਿਲਾਂ ਇਹ ਯਕੀਨੀ ਬਣਾ ਲੈਣ ਕਿ ਉਹਨਾਂ ਵਲੋਂ ਪ੍ਰਾਪਤ ਉਤਰਕਾਪੀਆਂ ਦੇ ਥੈਲੇ **ਲੜੀ ਨੰਬਰ 2 ਦੇ ਅਧੀਨ ਦਰਸਾਏ ੳ, ਅ, ੲ ਅਤੇ ਸ ਤੇ** ਦਰਸਾਈਆਂ ਹਦਾਇਤਾਂ ਅਨੁਸਾਰ ਹੀ ਬਣਾਏ ਗਏ ਹਨ।

4) ਪ੍ਰੈਕਟੀਕਲ ਪ੍ਰੀਖਿਆ ਦੋਰਾਨ ਬਣਾਇਆ ਗਈਆਂ ਜੋਬਾਂ ਉਤੇ ਹਰੇਕ ਵਿਦਿਆਰਥੀ ਦੁਆਰਾ ਪ੍ਰੀਖਿਆ ਮਿਤੀ/ ਸੈਸ਼ਨ, ਵਿਦਿਆਰਥੀ ਦਾ ਰੋਲ ਨੰਬਰ, ਨਾਂ, ਸਮੈਸਟਰ ਅਤੇ ਟਰੇਡ ਦਾ ਨਾਂ ਜਰੂਰ ਦਰਸਾਇਆ ਜਾਵੇ ।

5) ਇਸ ਤੋਂ ਇਲਾਵਾ ਸਮੂਹ ਪ੍ਰੀਖਿਆ ਕੇਂਦਰ ਵਿੱਚ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰ ਰੋਜ਼ ਪ੍ਰੀਖਿਆ ਖਤਮ ਹੋਣ ਤੋਂ ਬਾਅਦ ਜਿਸ ਕਮਰੇ ਵਿੱਚ ਉਤਰਕਾਪੀਆਂ ਸੰਭਾਲ ਕੇ ਰੱਖੀਆਂ ਜਾਣੀਆਂ ਹਨ ਉਸ ਕਮਰੇ ਨੂੰ ਤਾਲਾ ਲਗਾ ਕੇ ਉਸ ਉੱਤੇ ਸੀਲ ਲੱਗੀ ਹੋਵੇ ਜਿਸ ਉੱਤੇ ਕਿ ਸੁਪਰਡੰਟ ਪ੍ਰੀਖਿਆ ਅਤੇ ਸਬੰਧਤ ਪ੍ਰਿੰਸੀਪਲ ਦੇ ਹਸਤਾਖਰ ਹੋਣੇ ਲਾਜਮੀ ਹੋਣਗੇ।

ਇਸ ਤੋਂ ਇਲਾਵਾ ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਦੌਰਾਨ ਹੇਠ ਦਰਸਾਈ ਹਦਾਇਤਾਂ ਦੀ ਵੀ ਇੰਨਬਿੰਨ ਪਾਲਣਾ ਕਰਨੀ ਯਕੀਨੀ ਬਨਾਉਣਗੇ:-

1. ਪ੍ਰੀਖਿਆ ਕੰਡਕਟ ਕਰਵਾਉਣ ਲਈ invigilation ਸਟਾਫ ਦੀਆਂ ਡਿਊਟੀਆਂ ਬੋਰਡ ਦੇ ਪ੍ਰੀਖਿਆ ਰੂਲਾਂ ਮੁਤਾਬਕ ਹੀ ਲਗਾਈਆਂ ਜਾਣ।

2. ਪ੍ਰੀਖਿਆਵਾਂ ਦੇ ਸੁਪਰਡੰਟ ਇਹ ਯਕੀਨੀ ਬਨਾਉਣਗੇ ਕਿ ਕਿਸੇ ਵੀ ਵਿਦਿਆਰਥੀ ਦਾ ਯੂ.ਐਮ.ਸੀ.ਕੇਸ ਬੋਰਡ ਦੇ ਰੂਲਾਂ ਮੁਤਾਬਕ ਅਤੇ ਨਿਰਧਾਰਤ ਪ੍ਰੋਫਾਰਮੇ ਤੇ ਸਮੁੱਚੇ ਕਾਲਮ ਭਰ ਕੇ ਸਮੇਂ ਸਿਰ ਬੋਰਡ ਦਫਤਰ ਨੂੰ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਵੇਗਾ ਅਤੇ ਯੂ.ਐਮ.ਸੀ. ਕੇਸ ਵੱਖਰੇ ਤੋਰ ਤੇ ਪੈਕ ਕਰਕੇ ਭੇਜੇ ਜਾਣ। ਯੂ.ਐਮ.ਸੀ. ਕੇਸਾਂ ਦੇ ਬਾਹਰ ਪੈਕਟ ਉਤੇ ਸਪਸ਼ਟ **"UMC" (unfairmean case)** ਲਿਖਿਆ ਹੋਣਾ ਚਾਹੀਦਾ ਹੈ।

ਉਪਰੋਕਤ ਦਰਸਾਈਆਂ ਹਦਾਇਤਾਂ ਦੀ ਪ੍ਰੀਖਿਆ ਕੇਂਦਰਾਂ ਦੇ ਪ੍ਰਿੰਸੀਪਲ ਅਤੇ ਸੁਪਰਡੰਟ ਦੁਆਰਾ ਇੰਨਬਿੰਨ ਪਾਲਣਾ ਕਰਨੀ/ਕਰਵਾਉਣੀ ਯਕੀਨੀ ਬਣਾਈ ਜਾਵੇਗੀ। ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਕੁਤਾਹੀ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਮੁੱਖੀ ਅਤੇ ਪ੍ਰੀਖਿਆ ਸੁਪਰਡੰਟ ਦੀ ਹੋਵੇਗੀ। ਉਪਰੋਕਤ ਹਦਾਇਤਾਂ ਦੀ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਦੀ ਸੂਰਤ ਵਿੱਚ ਜੇ ਕੋਈ ਵਿਦਿਆਰਥੀ ਦੁਆਰਾ ਕੋਰਟ ਕੇਸ ਕੀਤਾ ਜਾਂਦਾ ਹੈ ਤਾਂ ਸਮੁੱਚੀ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ ਦੀ ਠਹਿਰਾਈ ਜਾਵੇਗੀ।

ਨੋਟ:- ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਫੋਟੋਸਟੇਟ ਮਸ਼ੀਨ, 2 ਇੰਟਰਨੈਟ ਕੰਨਕੈਸ਼ਨ (ਵੱਖ ਵੱਖ ਟੈਲੀਕੋਮ ਸਰਵਿਸ ਪ੍ਰੋਵਾਇਡਰਾਂ ਤੋਂ ) ਅਤੇ ਬਿਜਲੀ ਦਾ ਅਪਾਤਕਾਲੀਨ ਸਮੇਂ ਦੌਰਾਨ ਪੁਖਤਾ ਪ੍ਰਬੰਧ ਆਪਣੇ ਪੱਧਰ ਤੇ ਕਰਨਾ ਯਕੀਨੀ ਬਨਾਉਣਗੇ।

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)
ਵਾਸਤੇ ਸਕੱਤਰ
**PSBTE & IT,Chd.**

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਨ.
3. ਐਡਮਨ ਆਫਿਸਰ

Sd-
ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)
ਵਾਸਤੇ ਸਕੱਤਰ
**PSBTE & IT,Chd.**